**ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ,**
ਪੰਜਵੀ ਮੰਜਿਲ, ਈ ਬਲਾਕ, ਸਿੱਖਿਆ ਭਵਨ, ਪੀ.ਐਸ.ਈ.ਬੀ. ਕੰਪਲੈਕਸ, ਫੇਜ਼-8, ਐਸ.ਏ.ਐਸ ਨਗਰ
ਫੋਨ ਨੰ:0172-5212364 Website: www.ssapunjab.org

ਵੱਲ,

ਸਮੂਹ ਮੰਡਲ ਸਿੱਖਿਆ ਅਫ਼ਸਰ (ਨੋਟਿਸ ਬੋਰਡ ਰਾਹੀਂ)
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.), (ਨੋਟਿਸ ਬੋਰਡ ਰਾਹੀਂ)
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.), (ਨੋਟਿਸ ਬੋਰਡ ਰਾਹੀਂ)
ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ, (ਈ-ਮੇਲ ਰਾਹੀਂ)
ਸਮੂਹ ਸਕੂਲ ਮੁੱਖੀ (ਵੈੱਬਸਾਈਟ ਰਾਹੀਂ)
ਪੰਜਾਬ

ਮੀਮੋ ਨੰ : ਸਸਅ/ਐਮਸੀ/2016/6953
ਮਿਤੀ : 25-4-2016

**ਵਿਸ਼ਾ :-** ਰਾਜ ਦੇ ਸਮੂਹ ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ ਸਕੂਲਾਂ ਵਿੱਚ ਮਾਪੇ-ਅਧਿਆਪਕ ਮਿਲਣੀ ਸਬੰਧੀ।

1.0 ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਪਹਿਲੀ ਤੋਂ ਬਾਰ੍ਹਵੀਂ ਜਮਾਤਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੀ FA-I, FA-II, , FA-III, FA-IV ਪ੍ਰੀਖਿਆ ਤੋਂ ਬਾਅਦ ਵਿਦਿਆਰਥੀਆਂ ਦੀ ਕਾਰਗੁਜ਼ਾਰੀ, ਉਹਨਾਂ ਦੇ ਮਾਪਿਆਂ ਨਾਲ ਸਾਂਝੀ ਕਰਨ ਹਿੱਤ ਸਮੂਹ ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ ਸਕੂਲਾਂ ਵਿੱਚ ਮਾਪੇ-ਅਧਿਆਪਕ ਮਿਲਣੀ ਕਰਵਾਈ ਜਾਵੇ। ਇਹ ਮਿਲਣੀ ਇਹਨਾਂ ਪ੍ਰੀਖਿਆਵਾਂ ਵਾਲੇ ਮਹੀਨੇ ਦੇ ਆਖਰੀ ਦਿਨ ਅੱਧੀ ਛੁੱਟੀ ਤੋਂ ਬਾਅਦ ਰੱਖੀ ਜਾਵੇ, ਤਾਂ ਜੋ ਪਹਿਲੇ ਅੱਧ ਵਿੱਚ ਵਿਦਿਆਰਥੀਆਂ ਦੀ ਰੈਗੂਲਰ ਪੜ੍ਹਾਈ ਅਤੇ ਹੋਰ ਐਕਟੀਵਿਟੀਜ਼ ਆਮ ਵਾਂਗ ਚਲਦੀਆਂ ਰਹਿਣ। ਇਸ ਮਿਲਣੀ ਦੌਰਾਨ ਸਕੂਲ ਪ੍ਰਬੰਧਕ ਕਮੇਟੀਆਂ ਦੇ ਸਮੂਹ ਮੈਂਬਰ ਵੀ ਸਕੂਲਾਂ ਵਿੱਚ ਹਾਜ਼ਰ ਹੋਣਗੇ।ਸਕੂਲਾਂ ਦੀਆਂ ਪ੍ਰਬੰਧਕ ਕਮੇਟੀਆਂ ਦੇ ਮੈਂਬਰ ਅਤੇ ਸਕੂਲ ਮੁੱਖੀ, ਆਪਣੇ-ਆਪਣੇ ਸਕੂਲਾਂ ਦੀ ਕਾਰਗੁਜ਼ਾਰੀ ਹੋਰ ਬਿਹਤਰ ਬਣਾਉਣ ਲਈ ਵਿਚਾਰ ਵਟਾਂਦਰਾ ਕਰਨ ਹਿੱਤ ਆਪਣੇ ਸੁਝਾਅ ਦੇਣਗੇ।

2.0 SA-I ਅਤੇ SA-II ਦੀ ਪ੍ਰੀਖਿਆ ਤੋਂ ਬਾਅਦ ਇਹ ਮਿਲਣੀ ਆਮ ਵਾਂਗ ਸਵੇਰੇ 8:30 ਵਜੇ ਤੋਂ ਦੁਪਹਿਰ 12:30 ਵਜੇ ਅਤੇ ਸਰਦੀਆਂ ਵਿੱਚ 9:30 ਤੋਂ 1:30 ਤੱਕ ਹੋਵੇਗੀ।ਇਸ ਮੀਟਿੰਗ ਨੂੰ ਸੁਚਾਰੂ ਢੰਗ ਨਾਲ ਸਿਰੇ ਚਾੜ੍ਹਨ ਲਈ ਮਾਪੇ-ਅਧਿਆਪਕ ਮਿਲਣੀ ਲਈ ਆ ਰਹੇ ਹਰ ਮਾਪੇ ਨੂੰ ਅਧਿਆਪਕ ਦੁਆਰਾ ਵਿਦਿਆਰਥੀ ਦੀ ਕਾਰਗੁਜ਼ਾਰੀ ਦੱਸਣ ਦਾ ਉਚਿਤ ਸਮਾਂ ਮਿਲ ਸਕੇ, ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਸਕੂਲ ਮੁੱਖੀ ਆਪਣੇ ਸਕੂਲ ਵਿੱਚ ਪੜ੍ਹਦੇ ਜਮਾਤ ਵਾਈਜ਼ ਵਿਦਿਆਰਥੀਆਂ ਦੀ ਗਿਣਤੀ ਨੂੰ ਅਨੁਸਾਰ ਬੱਚਿਆਂ ਨੂੰ ਆਪਣੇ ਮਾਪਿਆਂ ਸਮੇਤ ਸਕੂਲ ਵਿੱਚ ਆਉਣ ਲਈ ਉਸ ਦਿਨ ਵੱਖ-ਵੱਖ ਸਮਾਂ ਨਿਰਧਾਰਿਤ ਕਰਨ।

3.0 ਇਹਨਾਂ ਮਿਲਣੀਆਂ ਬਾਰੇ ਪੂਰਨ ਰੂਪ ਵਿੱਚ ਮਾਪਿਆਂ ਤੱਕ ਸੂਚਨਾਂ ਪਹੁੰਚਾਉਣ ਲਈ ਸਕੂਲ ਮੁੱਖੀ ਪਿੰਡ ਦੇ ਗੁਰੂਦੁਆਰੇ ਤੋਂ ਲਾਊਡ ਸਪੀਕਰ ਰਾਹੀਂ ਵੀ ਸੂਚਿਤ ਕਰ ਸਕਦਾ ਹੈ।

4.0 ਇਹਨਾਂ ਮਾਪੇ - ਅਧਿਆਪਕ ਮਿਲਣੀਆਂ ਨੂੰ ਪੂਰਨ ਰੂਪ ਵਿੱਚ ਸਿਰੇ ਚੜ੍ਹਾਉਣ ਅਤੇ ਇਸ ਵਿੱਚ ਵੱਧ ਤੋਂ ਵੱਧ ਵਿਦਿਆਰਥੀਆਂ ਦੇ ਮਾਪਿਆਂ ਨੂੰ ਸ਼ਾਮਿਲ ਕਰਵਾਉਣ ਲਈ ਸਮੂਹ ਇੰਸਪੈਕਸ਼ਨ ਟੀਮਾਂ, ਕੰਮ ਕਰ ਰਹੇ ਡੀ.ਆਰ.ਪੀਜ਼/ਬੀ.ਆਰ.ਪੀਜ਼, ਜ਼ਿਲ੍ਹਾ ਪ੍ਰਵੇਸ਼ ਕੋਆਰਡੀਨੇਟਰ ਆਪਣੀ ਨਾਰਮਲ ਡਿਊਟੀ ਤੋਂ ਇਲਾਵਾ ਵਿਜ਼ਿਟ ਕੀਤੇ ਜਾ ਰਹੇ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਆਪਣੇ ਮਾਪਿਆਂ ਨੂੰ ਸਕੂਲ ਵਿੱਚ ਲਿਆਉਣ ਲਈ ਪ੍ਰੇਰਣ ਦਾ ਕੰਮ ਕਰਨਗੇ।

7.0 ਉਪਰੋਕਤ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਮਿਤੀ: 11.04.2016

ਪ੍ਰਦੀਪ ਕੁਮਾਰ ਅਗਰਵਾਲ, ਆਈ.ਏ.ਐਸ.
ਡਾਇਰੈਕਟਰ ਜਨਰਲ ਸਕੂਲ ਸਿੱਖਿਆ
-ਕਮ- ਸਟੇਟ ਪ੍ਰਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ
ਪੰਜਾਬ

**ਪਿੱਠ ਅੰਕਣ ਨੰ:** ਸਸਅ/ਐਮਸੀ/2016/ 6954 ਮਿਤੀ: 25-4-2016
ਉਪਰੋਕਤ ਦਾ ਉਤਾਰਾ ਡੀ.ਪੀ.ਆਈ. (ਸੈ.ਸਿ.) ਅਤੇ ਡੀ.ਪੀ.ਆਈ. (ਐ.ਸਿ.), ਡਾਇਰੈਕਟਰ, ਐਸ.ਸੀ.ਈ.ਆਰ.ਟੀ. ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਿਪਟੀ ਸਟੇਟ ਪ੍ਰਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ
ਪੰਜਾਬ